# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਵਾਰਡ ਨੰ: 8 ਸ਼ਾਲੀਮਾਰ ਨਗਰ ਦੇ ਨਿਵਾਸੀਆਂ ਨੇ ਮੇਅਰ ਸ਼ਿਵ ਸੂਦ ਨੂੰ ਦਿੱਤਾ ਮੰਗ ਪੱਤਰ

## ਪੀਣ ਵਾਲੇ ਪਾਣੀ ਅਤੇ ਸਟਰੀਟ ਲਾਈਟਾਂ ਦੀ ਸੁਵਿਧਾ ਦੇਣ ਦੀ ਕੀਤੀ ਮੰਗ।

ਹੁਸ਼ਿਆਰਪੁਰ 22 ਜੁਲਾਈ ਵਾਰਡ ਨੰ: 8 ਦੇ ਮੁੱਹਲਾ ਸ਼ਾਲੀਮਾਰ ਨਗਰ, ਗੁਰਦੁਆਰਾ ਸਾਹਿਬ ਦੇ ਨਾਲ ਲਗਦੀ ਗਲੀ ਦੇ ਵਸਨੀਕ ਅੱਜ ਦਲੀਪ ਸਿੰਘ ਦੀ ਅਗਵਾਈ ਵਿੱਚ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਉਨਾਂ ਦੇ ਦਫਤਰ ਵਿਖੇ ਮਿਲੇ ਅਤੇ ਮੰਗ ਪੱਤਰ ਦਿੰਦੇ ਹੋਏ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨਾਂ ਦੀ ਗਲੀ ਵਿੱਚ ਪੀਣ ਵਾਲੇ ਦੀ ਸੁਵਿਧਾ ਹੋਣ ਕਰਕੇ ਗਲੀ ਦੇ ਨਿਵਾਸੀਆ ਨੂੰ ਕਾਫੀ ਮੁਸ਼ਿਕਲ ਪੇਸ਼ ਆ ਰਹੀ ਹੈ। ਇਸ ਲਈ ਪਾਣੀ ਦੀਆਂ ਪਾਈਪਾਂ ਪੁਆਇਆ ਜਾਣ। ਇਸ ਤੋ ਇਲਾਵਾ ਗਲੀ ਵਿੱਚ ਸਟਰੀਟ ਲਾਈਟਾਂ ਵੀ ਲਗਵਾਇਆਂ ਜਾਣ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਇਸ ਮੌਕੇ ਤੇ ਦੱਸਿਆ ਕਿ ਕੇਂਦਰ ਸਰਕਾਰ ਦੀ ਅਮ੍ਰਿਤ ਯੋਜਨਾ ਤਹਿਤ ਸ਼ਹਿਰ ਦੇ ਸਾਰੇ ਮੁੱਹਲਿਆਂ ਵਿੱਚ 100% ਸੀਵਰੇਜ਼ ਅਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਉਪੱਲਬਧ ਕਰਵਾਈ ਜਾ ਰਹੀ ਹੈ। ਉਨਾਂ ਭਰੋਸਾ ਦੁਆਇਆ ਕਿ ਇਸ ਯੋਜਨਾ ਤਹਿਤ ਉਨਾਂ ਦੀ ਗਲੀ ਵਿੱਚ ਵੀ ਜਲਦ ਹੀ ਪੀਣ ਵਾਲੇ ਪਾਣੀ ਦੀ ਸੁਵਿਧਾ ਉਪੱਲਬਧ ਕਰਵਾਈ ਜਾਵੇਗੀ। ਭਜਨ ਸਿੰਘ, ਅਵਤਾਰ ਸਿੰਘ , ਬਲਰਾਜ਼ ਸਿੰਘ, ਗੁਰਪ੍ਰੀਤ ਸਿੰਘ ਵੀ ਇਸ ਮੌਕੇ ਤੇ ਉਨਾਂ ਦੇ ਨਾਲ ਸਨ।